Groundswell

Out of homelessness



CORONAVIRUS (COVID-19)

# COVID-19 ਦੇ ਦੌਰਾਨ ਕਿਸੇ ਜੀਪੀ ਕੋਲ

## ਜੀਪੀ ਕੀ ਹੁੰਦਾ ਹੈ?

- ਜਨਰਲ ਪ੍ਰੈਕਟੀਸ਼ਨਰ (ਜੀਪੀ) ਜਾਂ 'ਫੈਮਿਲੀ ਡਾਕਟਰ' **ਭਾਈਚਾਰੇ ਵਿੱਚ ਅਧਾਰਤ ਇੱਕ ਡਾਕਟਰ** ਹੁੰਦਾ ਹੈ

## ਕੋਈ ਜੀਪੀ ਕੀ ਕਰਦਾ ਹੈ?

- ਜੀਪੀ ਛੋਟੇ-ਮੋਟੇ ਮਾਮਲਿਆਂ ਦਾ ਇਲਾਜ ਕਰ ਸਕਦੇ ਹਨ
- ਸਿਹਤ ਦੇ ਵਧੇਰੇ ਗੰਭੀਰ ਮੁੱਦਿਆਂ ਦੀ ਪਛਾਣ ਕਰ ਸਕਦੇ ਹਨ
- ਅਗਲੇਰੇ ਇਲਾਜ ਲਈ ਤੁਹਾਨੂੰ ਹਸਪਤਾਲ ਜਾਂ ਹੋਰ ਮਾਹਰ ਸਿਹਤ ਸੇਵਾ ਲਈ ਰੈਫਰ ਕਰ ਸਕਦੇ ਹਨ

## ਕੌਣ ਰਜਿਸਟਰ ਕਰ ਸਕਦਾ ਹੈ?

- ਇੰਗਲੈਂਡ ਵਿੱਚ ਕੋਈ ਵੀ ਵਿਅਕਤੀ ਰਜਿਸਟਰ ਕਰ ਸਕਦਾ ਹੈ ਅਤੇ ਮੁਫ਼ਤ ਵਿੱਚ ਕਿਸੇ ਜੀਪੀ ਨੂੰ ਮਿਲ ਸਕਦਾ ਹੈ
- ਤੁਹਾਨੂੰ ਕਿਸੇ ਪੱਕੇ ਪਤੇ ਦੀ ਲੋੜ ਨਹੀਂ ਹੈ
- ਤੁਹਾਡੀ ਇਮੀਗ੍ਰੇਸ਼ਨ ਸਥਿਤੀ ਕੋਈ ਮਾਇਨੇ ਨਹੀਂ ਰੱਖਦੀ ਹੈ
- ਤੁਹਾਨੂੰ ਪਛਾਣ, ਦਸਤਾਵੇਜ਼ ਜਾਂ ਕਿਸੇ NHS ਨੰਬਰ ਦੀ ਲੋੜ ਨਹੀਂ ਹੈ

*ਕਈ ਵਾਰ ਜੀਪੀ ਪ੍ਰੈਕਟਿਸਾਂ ਪਛਾਣ ਦੇ ਸਬੂਤ ਜਾਂ ਦਸਤਾਵੇਜ਼ ਦੀ ਮੰਗ ਕਰਦੀਆਂ ਹਨ। **ਜੇ ਤੁਹਾਡੇ ਤੋਂ ਦਸਤਾਵੇਜ਼ ਜਾਂ ਪਛਾਣ ਦੇ ਸਬੂਤ ਦੀ ਮੰਗ ਕੀਤੀ ਜਾਂਦੀ ਹੈ, ਅਤੇ ਤੁਹਾਡੇ ਕੋਲ ਇਹ ਨਹੀਂ ਹੈ, ਤਾਂ ਦੱਸੋ ਕਿ ਤੁਸੀਂ ਇਸ ਸਮੇਂ ਬੇਘਰ ਹੋ, ਅਤੇ ਉਹਨਾਂ ਨੂੰ ਹਾਲੇ ਵੀ ਤੁਹਾਨੂੰ ਰਜਿਸਟਰ ਕਰਨਾ ਚਾਹੀਦਾ ਹੈ।**

*ਜੇ ਜੀਪੀ ਤੁਹਾਡੀ ਸਥਿਤੀ ਦਾ ਪ੍ਰਬੰਧਨ ਕਰਨ ਵਿੱਚ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ ਹੈ, ਤਾਂ ਉਹ **ਤੁਹਾਨੂੰ ਕਿਸੇ ਮਾਹਰ ਕੋਲ ਭੇਜਣਗੇ**

***ਜੇ ਤੁਹਾਡੀ ਸਥਿਤੀ ਐਮਰਜੈਂਸੀ ਹੈ ਤਾਂ ਐਕਸੀਡੈਂਟ ਅਤੇ ਐਮਰਜੈਂਸੀ ਵਿਭਾਗ ਵਿੱਚ ਜਾਓ**

## COVID-19 ਅਤੇ ਰਜਿਸਟਰ ਕਰਨਾ

- ਜ਼ਿਆਦਾਤਰ ਜੀਪੀ ਸਰਜਰੀਆਂ COVID-19 ਦੇ ਕਾਰਨ ਬੰਦ ਹਨ, ਪਰ ਕੁਝ ਫੋਨ ਅਤੇ ਆਨਲਾਈਨ ਅਪਾਇੰਟਮੈਂਟਾਂ ਦੇ ਰਹੀਆਂ ਹਨ
- ਰਜਿਸਟ੍ਰੇਸ਼ਨ ਫੋਨ 'ਤੇ ਜਾਂ ਆਨ-ਲਾਈਨ ਹੋ ਗਈ ਹੈ
- ਜੇ ਤੁਹਾਨੂੰ ਰਜਿਸਟਰ ਕਰਨ ਵਿੱਚ ਮੁਸ਼ਕਲ ਆ ਰਹੀ ਹੈ, ਤਾਂ ਕਿਸੇ ਸਹਾਇਤਾ ਕਰਮਚਾਰੀ ਜਾਂ ਐਡਵੋਕੇਸੀ ਵਰਕਰ ਤੋਂ ਸਹਾਇਤਾ ਮੰਗੋ।

**ਜੇ ਤੁਸੀਂ ਕਿਸੇ ਜੀਪੀ ਤਕ ਪਹੁੰਚ ਨਹੀਂ ਸਕਦੇ ਹੋ ਅਤੇ ਤੁਹਾਡੀ ਕੋਈ ਜ਼ਰੂਰੀ ਡਾਕਟਰੀ ਸਮੱਸਿਆ ਹੈ, ਤਾਂ ਕਿਰਪਾ ਕਰਕੇ 111 'ਤੇ ਸੰਪਰਕ ਕਰੋ ਜਾਂ ਕਿਸੇ ਐਕਸੀਡੈਂਟ ਅਤੇ ਐਮਰਜੈਂਸੀ ਵਿਭਾਗ ਵਿੱਚ ਜਾਓ।**

## ਮੇਰੇ ਜੀਪੀ ਵਿਖੇ ਕਿਹੜੀਆਂ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ?

ਤੁਹਾਡਾ ਜੀਪੀ ਹੇਠਾਂ ਲਿਖੇ ਕੰਮਾਂ ਵਿੱਚ ਤੁਹਾਡੀ ਮਦਦ ਕਰ ਸਕੇਗਾ:

- ਸਰੀਰਕ ਸਿਹਤ ਦੀਆਂ ਮੁਸ਼ਕਲਾਂ, ਜਿਸ ਵਿੱਚ ਛੋਟੀਆਂ ਬਿਮਾਰੀਆਂ, ਮਾਮੂਲੀ ਸੱਟਾਂ ਅਤੇ ਚੱਲ ਰਹੀਆਂ ਹੋਰ ਗੰਭੀਰ ਸਿਹਤ ਸਮੱਸਿਆਵਾਂ ਦਾ ਪ੍ਰਬੰਧਨ ਸ਼ਾਮਲ ਹੈ
- ਮਾਨਸਿਕ ਸਿਹਤ ਦੇ ਮੁੱਦੇ
- ਪਦਾਰਥਾਂ ਦੀ ਦੁਰਵਰਤੋਂ ਸੰਬੰਧੀ ਮੁੱਦੇ
- ਰੋਕਥਾਮ ਸੰਬੰਧੀ ਦੇਖਭਾਲ ਜਿਵੇਂ ਕਿ ਸਿਹਤ ਦੀ ਜਾਂਚ ਅਤੇ ਟੀਕਾਕਰਣ (ਦੂਜਾ ਕਿਤਾਬਚਾ ਦੇਖੋ)
- ਜ਼ਖ਼ਮਾਂ 'ਤੇ ਪੱਟੀ ਕਰਨੀ
- ਤੁਹਾਡੀ ਗਰਭ-ਅਵਸਥਾ ਵਿੱਚ ਸਹਾਇਤਾ ਕਰਨੀ
- ਗਰਭ ਨਿਰੋਧ ਅਤੇ ਜਿਨਸੀ ਸਿਹਤ
- ਗਰਭ ਅਵਸਥਾ ਨੂੰ ਸਮਾਪਤ ਕਰਨ ਵਾਲੀਆਂ ਸੇਵਾਵਾਂ ਕੋਲ ਰੈਫਰ ਕਰਨਾ (ਜੇ ਤੁਸੀਂ ਇਸ ਲਈ ਆਪਣੇ ਜੀਪੀ ਕੋਲ ਨਹੀਂ ਜਾਣਾ ਚਾਹੁੰਦੇ ਹੋ ਤਾਂ ਇਸਦੀ ਬਜਾਏ ਤੁਸੀਂ 0333 999 9951 'ਤੇ ਕਾਲ ਕਰ ਸਕਦੇ ਹੋ)

ਜੇ ਜੀਪੀ ਤੁਹਾਡੀ ਸਥਿਤੀ ਦਾ ਪ੍ਰਬੰਧਨ ਕਰਨ ਵਿੱਚ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ ਹੈ, ਤਾਂ ਉਹ ਤੁਹਾਨੂੰ ਕਿਸੇ ਮਾਹਰ ਕੋਲ ਭੇਜਣਗੇ।

**ਜੇ ਤੁਹਾਡੀ ਸਥਿਤੀ ਐਮਰਜੈਂਸੀ ਹੈ ਤਾਂ ਐਕਸੀਡੈਂਟ ਅਤੇ ਐਮਰਜੈਂਸੀ ਵਿਭਾਗ ਵਿੱਚ ਜਾਓ**

## ਮਦਦ ਕਿਵੇਂ ਲੈਣੀ ਹੈ




ਜੇ ਤੁਹਾਨੂੰ ਕਿਸੇ ਜੀਪੀ ਕੋਲ ਰਜਿਸਟਰ ਕਰਨ ਵਿੱਚ ਕੋਈ ਮੁਸ਼ਕਲ ਪੇਸ਼ ਆਉਂਦੀ ਹੈ, ਤੁਹਾਡੇ ਕੋਲ ਸਿਹਤ ਸੰਭਾਲ ਦੇ ਖਰਚਿਆਂ ਜਾਂ ਡੇਟਾ ਸਾਂਝਾ ਕਰਨ ਬਾਰੇ ਚਿੰਤਾਵਾਂ ਸੰਬੰਧੀ ਕੋਈ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਸੰਪਰਕ ਕਰੋ

**ਡਾਕਟਰਸ ਆਫ ਦਿ ਵਰਲਡ (0808 164 7686) । ਸੋਮਵਾਰ - ਸ਼ੁੱਕਰਵਾਰ ਸਵੇਰੇ 10 ਵਜੇ - 12 ਵਜੇ**

## COVID-19 ਦੇ ਲੱਛਣ

ਜੇ ਤੁਹਾਨੂੰ ਹੇਠਾਂ ਲਿਖਿਆਂ ਵਿੱਚੋਂ ਕੋਈ ਲੱਛਣ ਹਨ ਤਾਂ 111 'ਤੇ ਕਾਲ ਕਰੋ ਅਤੇ ਅਗਲੀ ਸਲਾਹ ਤਕ ਖੁਦ ਨੂੰ ਅਲੱਗ ਰੱਖੋ।

- **ਬੁਖ਼ਾਰ ਜਾਂ ਪਸੀਨਾ**
- **ਲਗਾਤਾਰ ਖੰਘ**
- **ਸਾਹ ਚੜ੍ਹਨਾ**
- **ਸੁੰਘਣ ਜਾਂ ਸੁਆਦ ਦੀ ਸੰਵੇਦਨਾ ਚਲੀ ਜਾਣੀ**



ਜੇ ਤੁਸੀਂ ਆਪਣੇ ਲੱਛਣਾਂ ਦਾ ਪ੍ਰਬੰਧਨ ਨਹੀਂ ਕਰ ਸਕਦੇ ... (ਐਕਸੀਡੈਂਟ ਅਤੇ ਐਮਰਜੈਂਸੀ ਵਿਭਾਗ) ਵਿੱਚ ਜਾਣਾ ਚਾਹੀਦਾ ਹੈ।

**ਇਹ ਜਾਣਕਾਰੀ 17/06/20 ਨੂੰ ਸਹੀ ਹੈ**

# ਜੀਪੀ ਸੇਵਾਵਾਂ ਨੂੰ ਵਰਤਣਾ

## ਮੈਨੂੰ ਇੱਕ ਮੁਲਾਕਾਤ ਬੁੱਕ ਕਰਨ ਦੀ ਲੋੜ ਹੈ

- COVID-19 ਦੇ ਦੌਰਾਨ ਫੋਨ ਜਾਂ ਆਨ-ਲਾਈਨ ਬੁਕਿੰਗ ਪ੍ਰਣਾਲੀ ਹੀ ਜੀਪੀ ਮੁਲਾਕਾਤਾਂ ਤੱਕ ਪਹੁੰਚਣ ਦਾ ਇਕੋ-ਇੱਕ ਰਸਤਾ ਹਨ
- ਜੇ ਤੁਹਾਨੂੰ ਰਜਿਸਟਰ ਹੋਣ ਵਿੱਚ ਕੋਈ ਸਮੱਸਿਆ ਆਉਂਦੀ ਹੈ ਤਾਂ ਸਹਾਇਤਾ ਸਟਾਫ਼ ਜਾਂ ਐਡਵੋਕੇਸੀ ਏਜੰਸੀ ਨਾਲ ਗੱਲ ਕਰੋ
- ਜੀਪੀ ਅਪਾਇੰਟਮੈਂਟਾਂ ਆਮ ਤੌਰ 'ਤੇ 10 ਮਿੰਟ ਲੰਮੀਆਂ ਹੁੰਦੀਆਂ ਹਨ, ਪਰ ਜੇ ਤੁਹਾਨੂੰ ਲੋੜ ਹੋਵੇ ਤਾਂ ਤੁਸੀਂ ਹਮੇਸ਼ਾਂ ਲੰਮੀਆਂ ਅਪਾਇੰਟਮੈਂਟਾਂ ਲਈ ਬੇਨਤੀ ਕਰ ਸਕਦੇ ਹੋ

## ਮੈਨੂੰ ਦੁਭਾਸ਼ੀਏ ਦੀ ਲੋੜ ਹੈ

- ਜੇ ਅੰਗ੍ਰੇਜ਼ੀ ਤੁਹਾਡੀ ਮੁੱਖ ਭਾਸ਼ਾ ਨਹੀਂ ਹੈ ਤਾਂ NHS ਸੇਵਾਵਾਂ ਨੂੰ ਲਾਜ਼ਮੀ ਤੌਰ 'ਤੇ ਟੈਲੀਫੋਨ ਦੁਭਾਸ਼ੀਆ ਸੇਵਾਵਾਂ ਮੁਹੱਈਆ ਕਰਨੀਆਂ ਚਾਹੀਦੀਆਂ ਹਨ
- ਰਜਿਸਟਰ ਕਰਨ ਵਿੱਚ ਤੁਹਾਡੀ ਮਦਦ ਲਈ ਕਿਸੇ ਦੁਭਾਸ਼ੀਏ ਵਾਸਤੇ ਤੁਸੀਂ ਰਿਸੈਪਸ਼ਨਿਸਟ ਜਾਂ ਸਿਹਤ ਦੇਖਭਾਲ ਪ੍ਰਦਾਤਾ ਨੂੰ ਪੁੱਛ ਸਕਦੇ ਹੋ ਅਤੇ ਤੁਸੀਂ ਜੀਪੀ ਜਾਂ ਨਰਸ ਨਾਲ ਆਪਣੀ ਅਪਾਇੰਟਮੈਂਟ ਲਈ ਵੀ ਦੁਭਾਸ਼ੀਏ ਦੀ ਮੰਗ ਕਰ ਸਕਦੇ ਹੋ

## ਮਾਹਰ ਜੀਪੀ ਪ੍ਰੈਕਟਿਸਾਂ

- ਤੁਹਾਡੇ ਇਲਾਕੇ ਵਿੱਚ ਜੀਪੀ ਪ੍ਰੈਕਟਿਸਾਂ ਹੋ ਸਕਦੀਆਂ ਹਨ ਜੋ ਖ਼ਾਸ ਕਰਕੇ ਉਹਨਾਂ ਲੋਕਾਂ ਲਈ ਹਨ ਜੋ ਇਸ ਸਮੇਂ ਬੇਘਰ ਹਨ ਜਾਂ ਪ੍ਰਵਾਸੀ, ਪਨਾਹ ਲੈਣ ਵਾਲੇ ਜਾਂ ਸ਼ਰਣਾਰਥੀ ਹਨ
- ਐਡਵੋਕੇਸੀ ਅਤੇ ਸਹਾਇਤਾ ਸੇਵਾਵਾਂ ਤੁਹਾਨੂੰ ਇਹ ਦੱਸ ਸਕਣੀਆਂ ਕਿ ਕੀ ਤੁਹਾਡੇ ਖੇਤਰ ਵਿੱਚ ਕੋਈ ਮਾਹਰ ਜੀਪੀ ਪ੍ਰੈਕਟਿਸ ਹੈ

## ਕੀ ਮੇਰੇ ਤੋਂ ਖ਼ਰਚਾ ਲਿਆ ਜਾਵੇਗਾ?

- ਜੀਪੀ ਸਰਜਰੀ ਦੇ ਅੰਦਰ ਮੁਹੱਈਆ ਕੀਤੀ ਜਾਂਦੀ ਸਿਹਤ ਸੰਭਾਲ ਮੁਫ਼ਤ ਹੁੰਦੀ ਹੈ। **ਹਾਲਾਂਕਿ,** ਇਸ ਗੱਲ 'ਤੇ ਨਿਰਭਰ ਕਰਦੇ ਹੋਏ ਕਿ ਤੁਹਾਨੂੰ ਕਿਹੜੇ ਲਾਭ ਪ੍ਰਾਪਤ ਹੁੰਦੇ ਹਨ ਅਤੇ ਤੁਹਾਨੂੰ ਕਿਹੜੀਆਂ ਸਿਹਤ ਸੰਬੰਧੀ ਸਮੱਸਿਆਵਾਂ ਹਨ, ਤੁਹਾਨੂੰ ਤਜਵੀਜ਼ ਕੀਤੀਆਂ ਦਵਾਈਆਂ ਲਈ ਭੁਗਤਾਨ ਕਰਨਾ ਪੈ ਸਕਦਾ ਹੈ। **ਸਿਹਤ ਖਰਚਿਆਂ ਵਿੱਚ ਸਹਾਇਤਾ ਬਾਰੇ ਹੇਠਾਂ ਦਿੱਤਾ ਭਾਗ ਦੇਖੋ।**
- ਜੇ ਤੁਹਾਡੀ ਕੋਈ ਮੌਜੂਦਾ ਇਮੀਗ੍ਰੇਸ਼ਨ ਸਥਿਤੀ ਨਹੀਂ ਹੈ ਜਾਂ ਤੁਹਾਡੀ ਅਰਜ਼ੀ ਪ੍ਰਕਿਰਿਆ ਅਧੀਨ ਹੈ ਤਾਂ ਤੁਹਾਡੇ ਤੋਂ ਹਸਪਤਾਲ ਦੇਖਭਾਲ ਅਤੇ ਕੁਝ ਭਾਈਚਾਰਕ ਸੇਵਾਵਾਂ ਲਈ ਖਰਚਾ ਲਿਆ ਜਾ ਸਕਦਾ ਹੈ। ਸਿਹਤ ਖਰਚਿਆਂ ਵਿੱਚ ਸਹਾਇਤਾ ਬਾਰੇ ਹੇਠਾਂ ਦਿੱਤਾ ਭਾਗ ਦੇਖੋ।
- ਜੇ ਤੁਸੀਂ ਪੇਸ਼ਗੀ ਤੌਰ 'ਤੇ ਅਦਾਇਗੀ ਨਹੀਂ ਕਰ ਸਕਦੇ ਹੋ ਤਾਂ ਹੋ ਸਕਦਾ ਹੈ ਕਿ ਤੁਸੀਂ ਇਲਾਜ ਨਾ ਕਰਵਾ ਸਕੋ। **ਹਾਲਾਂਕਿ,** ਜੇ ਕੋਈ ਡਾਕਟਰੀ ਕਰਮਚਾਰੀ ਇਹ ਸੋਚਦਾ ਹੈ ਕਿ ਇਲਾਜ ਜ਼ਰੂਰੀ ਹੈ ਤਾਂ ਤੁਹਾਨੂੰ ਇਲਾਜ ਦਿੱਤਾ ਜਾਵੇਗਾ। ਇਲਾਜ ਤੋਂ ਬਾਅਦ ਤੁਹਾਨੂੰ ਇੱਕ ਬਿੱਲ ਮਿਲ ਸਕਦਾ ਹੈ। ਇਸ ਦੇ ਕੁਝ ਅਪਵਾਦ ਹਨ ਜਿਵੇਂ ਕਿ **COVID-19 ਨਾਲ ਸੰਬੰਧਿਤ ਇਲਾਜ ਮੁਫ਼ਤ ਹੈ।**

## ਮੈਨੂੰ ਦਵਾਈਆਂ, ਦੰਦਾਂ ਦੇ ਇਲਾਜ ਅਤੇ ਨਜ਼ਰ ਦੇਖਭਾਲ ਦੇ ਖਰਚਿਆਂ ਵਿੱਚ ਸਹਾਇਤਾ ਦੀ ਲੋੜ ਹੈ

- ਤੁਹਾਨੂੰ ਮਿਲਣ ਵਾਲੇ ਲਾਭਾਂ ਅਤੇ ਤੁਹਾਡੀ ਡਾਕਟਰੀ ਸਮੱਸਿਆਵਾਂ 'ਤੇ ਨਿਰਭਰ ਕਰਦੇ ਹੋਏ, ਤੁਹਾਨੂੰ ਤਜਵੀਜ਼ਾਂ, ਦੰਦਾਂ ਦੀ ਦੇਖਭਾਲ, ਅੱਖਾਂ ਦੀਆਂ ਜਾਂਚਾਂ ਅਤੇ ਐਨਕਾਂ ਲਈ ਭੁਗਤਾਨ ਕਰਨ ਦੀ ਲੋੜ ਹੋ ਸਕਦੀ ਹੈ
- **ਹਾਲਾਂਕਿ,** ਜੇ ਤੁਹਾਡੀ ਆਮਦਨੀ ਘੱਟ ਹੈ, ਤਾਂ ਤੁਸੀਂ ਇੱਕ **NHS HC2 ਸਰਟੀਫਿਕੇਟ** ਦੇ ਯੋਗ ਹੋ ਸਕਦੇ ਹੋ ਜੋ ਤੁਹਾਨੂੰ ਮੁਫ਼ਤ ਨੁਸਖ਼ਿਆਂ, ਦੰਦਾਂ ਦੇ ਇਲਾਜ, ਨਜ਼ਰ ਦੀਆਂ ਜਾਂਚਾਂ ਅਤੇ ਐਨਕਾਂ ਦੇ ਵਾਊਚਰਾਂ ਦਾ ਹੱਕਦਾਰ ਬਣਾਉਂਦਾ ਹੈ। **ਜੇ ਤੁਸੀਂ ਲਾਭਾਂ ਦੇ ਹੱਕਦਾਰ ਨਹੀਂ ਹੋ ਤਾਂ ਵੀ ਤੁਸੀਂ ਇਸਦੇ ਲਈ ਅਰਜ਼ੀ ਦੇ ਸਕਦੇ ਹੋ।**
- ਇਸ ਸਰਟੀਫਿਕੇਟ ਲਈ ਅਰਜ਼ੀ ਦੇਣ ਵਾਸਤੇ ਇੱਕ HC1 ਫਾਰਮ ਵਰਤਿਆ ਜਾਂਦਾ ਹੈ।
- ਤੁਹਾਡਾ ਸਿਹਤ ਪ੍ਰਦਾਤਾ ਤੁਹਾਨੂੰ HC1 ਫਾਰਮ ਦੇ ਸਕੇਗਾ। ਜੇ ਨਹੀਂ, ਤਾਂ ਇਹ ਫਾਰਮ ਇੰਟਰਨੈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਅਤੇ ਤੁਸੀਂ ਆਨਲਾਈਨ ਵੀ https://services.nhsbsa.nhs.uk/apply-for-help-with-nhs-costs/apply-online ਅਰਜ਼ੀ ਦੇ ਸਕਦੇ ਹੋ
- **ਜਿੱਥੇ ਤੁਹਾਨੂੰ ਲੋੜ ਹੋਵੇ ਤਾਂ ਫਾਰਮ ਨੂੰ ਭਰਨ ਵਿੱਚ ਦੀ ਮਦਦ ਮੰਗੋ**

## ਕੀ ਮੇਰਾ ਜੀਪੀ ਮੇਰੇ ਬਾਰੇ ਜਾਣਕਾਰੀ ਨੂੰ ਦੂਜਿਆਂ ਨਾਲ ਸਾਂਝਾ ਕਰੇਗਾ?

- ਜੀਪੀ ਪ੍ਰੈਕਟਿਸਾਂ ਅਤੇ ਹੋਰ NHS ਸੇਵਾਵਾਂ ਤੁਹਾਡੀ ਜਾਣਕਾਰੀ ਨੂੰ ਕਿਸੇ ਹੋਰ ਸਰਕਾਰੀ ਵਿਭਾਗ ਨਾਲ ਸਾਂਝਾ **ਨਹੀਂ** ਕਰਨਗੀਆਂ
- ਜੀਪੀ ਪ੍ਰੈਕਟਿਸਾਂ ਇਸ ਸਮੇਂ ਜਾਣਕਾਰੀ ਨੂੰ ਹੋਮ ਆਫਿਸ ਨਾਲ ਸਾਂਝਾ ਨਹੀਂ ਕਰਦੀਆਂ ਹਨ
- ਕੇਵਲ ਇੱਕੋ-ਇੱਕ ਸਥਿਤੀ ਜਿਸ ਵਿੱਚ ਕਿਸੇ ਜੀਪੀ ਨੂੰ ਤੁਹਾਡੇ ਬਾਰੇ ਜਾਣਕਾਰੀ ਸਾਂਝੀ ਕਰਨੀ ਪੈ ਸਕਦੀ ਹੈ, ਉਹ ਹੈ ਜੇ ਤੁਸੀਂ ਜੋਖਮ ਵਿੱਚ ਹੋ ਜਾਂ ਦੂਜਿਆਂ ਲਈ ਜੋਖਮ ਹੈ

**ਇਸ ਦਸਤਾਵੇਜ਼ ਦੇ ਅਨੁਵਾਦ ਕੀਤੇ ਹੋਏ ਸੰਸਕਰਣ ਇੱਥੇ ਉਪਲਬਧ ਹਨ:**
https://www.healthylondon.org/resource/homeless-health-during-covid-19/